# ਜਾਰੀ ਮੌਜੂਦਗੀ ਬਾਰੇ ਤੱਥ

**ਤੱਥ** ਕਾਨੂੰਨ ਲਾਗੂ ਕਰਤਾ CP ਦੀ ਯੋਗਤਾ ਦਾ ਤੇਜ਼ੀ ਨਾਲ ਸ਼ੁਰੂਆਤੀ ਪਤਾ ਲਗਾਉਣ ਅਤੇ ਪੀੜਿਤ ਨਾਲ ਮੁਲਾਕਾਤ ਹੋਣ ਤੇ ਜਿੰਨੀ ਛੇਤੀ ਸੰਭਵ ਹੋਵੇ ਦਰਖਾਸਤ ਪੂਰੀ ਕਰਨ ਲਈ ਕਿਹਾ ਜਾਂਦਾ ਹੈਰੇ। ਕਾਨੂੰਨ ਲਾਗੂ ਕਰਤਾ ਲਈ ਉੱਤਮ ਅਭਿਆਸ ਕਾਗਜ਼ੀ ਕੰਮ ਨੂੰ ਇੰਟਰਵਿਊ ਉੱਤੇ ਲਿਆਉਣਾ; ਜੇ ਵਿਅਕਤੀ ਸੰਭਾਵਿਤ ਰੂਪ ਵਿੱਚ ਪੀੜਿਤ ਲੱਗਦਾ ਹੈ ਤਾਂ ਕਾਨੂੰਨ ਲਾਗੂ ਕਰਤਾ ਕੋਈ ਹੋਰ ਕਾਰਵਾਈ ਕਰੇਗਾ, ਫਿਰ CP ਲਈ ਬੇਨਤੀ ਕੀਤੀ ਜਾਣੀ ਚਾਹੀਦੀ ਹੈ।

**ਤੱਥ** ਕੁੱਝ ਕੇਸਾਂ ਵਿੱਚ, ਪੀੜਿਤ ਸ਼ੁਰੂਆਤੀ ਸਹਿਯੋਗ ਲਈ ਬਹੁਤ ਜ਼ਿਆਦਾ ਸਦਮੇ ਵਿੱਚ ਹੋ ਸਕਦੇ ਹਨ। CP ਢੁੱਕਵਾਂ ਹੈ ਜੇ ਕੁੱਲ ਹਾਲਾਤ ਇਹ ਦਰਸਾਉਂਦੇ ਹਨ ਕਿ ਵਿਅਕਤੀ ਤਸਕਰੀ ਦਾ ਪੀੜਿਤ ਹੈ ਅਤੇ ਸੰਭਾਵਿਤ ਗਵਾਹ ਹੋ ਸਕਦਾ ਹੈ।

**ਤੱਥ** ਕਾਨੂੰਨ ਲਾਗੂ ਕਰਤਾ ਨੂੰ ਚੁਣਵਾਂ ਨਹੀਂ ਹੋਣਾ ਚਾਹੀਦਾ ਬਲਕਿ ਹਰੇਕ ਪਹਿਚਾਣੇ ਪੀੜਿਤ ਲਈ CP ਲਈ ਬੇਨਤੀ ਕਰਨੀ ਚਾਹੀਦੀ ਹੈ ਜਿਸ ਕੋਲ ਇਮੀਗ੍ਰੇਸ਼ਨ ਦਰਜੇ ਦੀ ਘਾਟ ਹੈ ਅਤੇ ਜਾਂਚ ਲਈ ਉਪਲਬਧ ਸੰਭਾਵਿਤ ਗਵਾਹ ਹੋ ਸਕਦਾ ਹੋਵੇ, ਜੇ ਪੜਤਾਲ ਦੀ ਲੋੜ ਹੋਵੇ।

**ਤੱਥ** CP ਨੂੰ ਮਜ਼ਦੂਰੀ ਤਸਕਰੀ ਅਤੇ ਲਿੰਗੀ ਤਸਕਰੀ ਪੀੜਿਤਾਂ ਲਈ ਵਰਤਿਆ ਜਾਣਾ ਚਾਹੀਦਾ ਹੈ।

**ਤੱਥ** ਕਿਸੇ ਵੀ ਤਰ੍ਹਾਂ ਦੇ ਚਾਰਜਾਂ ਦੀ ਲੋੜ ਨਹੀਂ ਹੋ ਜੋ ਫਾਈਲ ਕਰਨੇ ਹਨ, ਲੰਬਿਤ ਇਲਜ਼ਾਮ, ਜਾਂ ਮੌਜੂਦਾ ਮੁਕੱਦਮਾ, CP ਲਈ ਬੇਨਤੀ ਕਰਨ ਲਈ।

**ਤੱਥ** ਮੁਅੱਤਲ ਕਾਰਵਾਈ ਕਦੇ ਕਦਾਂਈ ਹੀ ਵਰਤਣੀ ਚਾਹੀਦੀ ਹੈ ਜੋ CP-ਯੋਗ ਪੀੜਿਤਾਂ ਲਈ CP ਦੀ ਜਗ੍ਹਾ ਲਵੇ, ਕਿਉਂਕਿ ਸਿਰਫ CP ਨਾਲ ਹੀ ਪੀੜਿਤ ਯੁਨਾਇਟਿਡ ਸਟੇਟਸ ਵਿੱਚ ਦੋ-ਸਾਲ ਦੀ ਨਿਵਿਆਉਣਯੋਗ ਪ੍ਰਮਾਣਿਕਤਾ, ਕੰਮ ਦੀ ਪ੍ਰਮਾਣਿਕਤਾ, ਅਤੇ ਫੈਡਰਲ ਲਾਭ ਅਤੇ ਸੇਵਾਵਾਂ ਹਾਸਿਲ ਕਰਦੇ ਹਨ। ਇਹ ਸੁਮੇਲ ਪੀੜਿਤਾਂ ਲਈ ਮਹੱਤਵਪੂਰਨ ਸਹਾਇਤਾ ਹੈ। ਮੁੱਅਤਲ ਕਾਰਵਾਈ ਖਾਸ ਸੀਮਿਤ ਹਾਲਾਤਾਂ ਵਿੱਚ ਢੁੱਕਵੀਂ ਹੋ ਸਕਦੀ ਹੈ ਜਿਵੇਂ ਜਦੋਂ ਤਸਕਰੀ ਦੇ ਪੀੜਿਤ ਨੂੰ ਹਟਾਉਣਾ ਰੋਕਣ ਲਈ ਜ਼ਰੂਰੀ ਹੋਵੇ।

**ਤੱਥ** CP ਨੂੰ ਰੋਕਿਆ ਜਾ ਸਕਦਾ ਹੈ ਜੇ ਪ੍ਰਾਪਤਕਰਤਾ ਅਪਰਾਧ ਕਰਦਾ ਹੈ, ਭੱਜਦਾ ਹੈ, ਬਿਨਾਂ ਐਡਵਾਂਸ ਪੈਰੋਲ ਦੇ ਚਲਾ ਜਾਂਦਾ ਹੈ, ਇਮੀਗ੍ਰੇਸ਼ਨ ਲਾਭ ਹਾਸਿਲ ਕਰਦਾ ਹੈ, ਜਾਂ ਪਤਾ ਲਗਾਇਆ ਜਾਂਦਾ ਹੈ ਕਿ ਉਹ ਤਸਕਰੀ ਦਾ ਪੀੜਿਤ ਨਹੀਂ ਹੈ।

**ਤੱਥ** CP ਪ੍ਰਾਪਤਕਰਤਾਵਾਂ ਨੂੰ ਦੇਸ਼ ਛੱਡਣ ਲਈ ਉਤਸ਼ਾਹਿਤ ਨਹੀਂ ਕੀਤਾ ਜਾਂਦਾ ਜਦੋਂ ਤੱਕ ਐਮਰਜੈਂਸੀ ਨਾ ਹੋਵੇ, ਜਿਸ ਕੇਸ ਵਿੱਚ ਯਾਤਰਾ ਤੋਂ ਪਹਿਲਾਂ ਐਡਵਾਂਸ ਪੈਰੋਲ ਦੀ ਦਰਖਾਸਤ ਲੋੜੀਂਦੀ ਹੈ।

# ਪਰਿਵਾਰਿਕ ਮੈਂਬਰ ਜੁੜ ਸਕਦੇ ਹਨ

ਕਾਨੂੰਨ ਲਾਗੂ ਕਰਤਾ ਇਹ ਵੀ ਬੇਨਤੀ ਕਰ ਸਕਦਾ ਹੈ ਕਿ ਖਾਸ ਪਰਿਵਾਰਿਕ ਮੈਂਬਰ ਜੋ ਕਿ ਯੁਨਾਇਟਿਡ ਸਟੇਟਸ ਵਿੱਚ CP ਪ੍ਰਾਪਤਕਰਤਾ ਨਾਲ ਜੁੜਣ ਸਕਣ ਵਿੱਚ ਸ਼ਾਮਿਲ ਹਨ:

- 21 ਤੋਂ ਛੋਟੇ CP ਪ੍ਰਾਪਤਕਰਤਾ ਦੇ ਪਤੀ/ਪਤਨੀ, ਬੱਚਾ, ਮਾਪੇ, ਜਾਂ ਕੁਆਰੇ ਭਰਾ-ਭੈਣ (ਤੋਂ ਛੋਟੇ 18);
- 21 ਜਾਂ ਇਸ ਤੋਂ ਵੱਡੇ CP ਪ੍ਰਾਪਤਕਰਤਾ ਦੇ ਪਤੀ/ਪਤਨੀ ਜਾਂ ਬੱਚਾ; ਅਤੇ
- CP ਪ੍ਰਾਪਤਕਰਤਾ ਦੇ ਤਸਕਰੀ ਤੋਂ ਬਚਣ ਜਾਂ ਕਾਨੂੰਨ ਲਾਗੂ ਕਰਤਾ ਨਾਲ ਸਹਿਯੋਗ ਦੇ ਕਾਰਨ ਮਾਤਾ-ਪਿਤਾ ਜਾਂ ਭੈਣ-ਭਰਾ ਮੌਜੂਦਾ ਖਤਰੇ ਵਿੱਚ ਹੋਣ।

# ਟੀ ਵੀਜ਼ਾ

ਤਸਕਰੀ ਦੇ ਪੀੜਿਤ ਟੀ ਗੈਰ-ਪ੍ਰਵਾਸੀ ਦਰਜੇ ਲਈ USCIS ਨੂੰ ਦਰਖਾਸਤ ਦੇਣ ਦੇ ਯੋਗ ਹੋ ਸਕਦੇ ਹਨ, ਜੋ ਕਿ USCIS ਦੁਆਰਾ ਜਾਰੀ ਕੀਤਾ ਗਿਆ ਲੰਮੀ ਮਿਆਦ ਦਾ ਇਮੀਗ੍ਰੇਸ਼ਨ ਲਾਭ ਹੈ ਜਿਸਨੂੰ ਆਮ ਤੌਰ 'ਤੇ ਟੀ ਵੀਜ਼ਾ ਵਜੋਂ ਜਾਣਿਆ ਜਾਂਦਾ ਹੈ। ਪੀੜਿਤਾਂ ਨੂੰ ਟੀ ਵੀਜ਼ਾ ਦੇ ਸਬੰਧ ਵਿੱਚ ਕਿਸੇ ਯੋਗ ਇਮੀਗ੍ਰੇਸ਼ਨ ਵਕੀਲ ਦੀ ਸਲਾਹ ਲੈਣੀ ਚਾਹੀਦੀ ਹੈ, ਜੋ ਯੋਗ ਤਸਕਰੀ ਪੀੜਿਤਾਂ ਨੂੰ ਚਾਰ ਸਾਲਾਂ ਤੱਕ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਦਿੰਦਾ ਹੈ ਅਤੇ ਕਾਨੂੰਨੀ ਸਥਾਈ ਨਿਵਾਸ ਪ੍ਰਾਪਤ ਕਰਵਾ ਸਕਦਾ ਹੈ। CP ਨਾਲ ਟੀ ਵੀਜ਼ਾ ਪ੍ਰਵਾਨਗੀ ਦੀ ਗਰੰਟੀ ਨਹੀਂ ਹੁੰਦੀ ਹੈ।

ਇਹ ਸੰਘੀ, ਰਾਜ, ਅਤੇ ਸਥਾਨਕ ਕਾਨੂੰਨ ਲਾਗੂ ਕਰਤਾ ਲਈ ਪੀੜਤ-ਕੇਂਦਰਿਤ ਢੰਗ ਦੇ ਅਨੁਕੂਲ ਹੈ ਕਿ ਟੀ ਵੀਜ਼ਾ ਘੋਸ਼ਣਾ ਫਾਰਮ ਦਸਤਖਤ ਭਰਿਆ ਜਾਵੇ ਜਦੋਂ ਪੀੜਤ ਦੁਆਰਾ ਬੇਨਤੀ ਕੀਤੀ ਜਾਂਦੀ ਹੈ ਜੋ ਕਿਸੇ ਤਸਕਰੀ ਦੀ ਜਾਂਚ ਜਾਂ ਮੁਕੱਦਮੇ ਵਿੱਚ ਸਹਾਇਤਾ ਜਾਂ ਸਹਿਯੋਗ ਕਰ ਰਿਹਾ ਹੈ।

## ਮਹੱਤਵਪੂਰਨ ਸੰਪਰਕ ਜਾਣਕਾਰੀ

### ਮਨੁੱਖੀ ਤਸਕਰੀ ਨੂੰ ਰੋਕਣ ਲਈ ਕੇਂਦਰ (CCHT)

ContinuedPresence@hq.dhs.gov
CCHT ਜਾਰੀ ਮੌਜੂਦਗੀ ਲਈ ਸਾਰੀਆਂ ਬੇਨਤੀਆਂ 'ਤੇ ਕਾਰਵਾਈ ਕਰਦਾ ਹੈ, ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਸਿਖਲਾਈ ਪ੍ਰਦਾਨ ਕਰਦਾ ਹੈ, ਅਤੇ ਇਸਦੀ ਵਰਤੋਂ ਨੂੰ ਉਤਸ਼ਾਹਿਤ ਕਰਦਾ ਹੈ।

### ਸਥਾਨਕ HSI ਖੇਤਰੀ ਦਫਤਰ

https://www.ice.gov/contact/hsi
ਮਨੁੱਖੀ ਤਸਕਰੀ ਦੇ ਅਪਰਾਧ ਦੀ ਰਿਪੋਰਟ ਕਰਨ ਲਈ ਡਿਊਟੀ ਏਜੰਟ ਜਾਂ ਮਨੁੱਖੀ ਤਸਕਰੀ ਸਮੂਹ ਨੂੰ ਪੁੱਛੋ। ਰਾਜ ਅਤੇ ਸਥਾਨਕ ਕਾਨੂੰਨ ਲਾਗੂ ਕਰਤਾ ਜੋ CP ਦੀ ਬੇਨਤੀ ਕਰਨਾ ਚਾਹੁੰਦੇ ਹਨ, ਨੂੰ ਪੈਰੋਲ ਸਹਾਇਕ ਦੀ ਮੰਗ ਕਰਨੀ ਚਾਹੀਦੀ ਹੈ ਜੋ ਲੋੜੀਂਦੇ ਫਾਰਮ ਅਤੇ ਨਿਰਦੇਸ਼ ਪ੍ਰਦਾਨ ਕਰ ਸਕਦਾ ਹੈ।

### HSI ਪੀੜਿਤ ਸਹਾਇਤਾ ਪ੍ਰੋਗਰਾਮ

866-872-4973 ਜਾਂ victimassistance.ice@dhs.gov
ਦੇਸ਼ ਭਰ ਵਿੱਚ ਫੈਡਰਲ ਪੀੜਤ ਸਹਾਇਤਾ ਕਰਮਚਾਰੀਆਂ ਦਾ ਸਮਰਥਨ ਕਰ ਰਿਹਾ ਹੈ ਜੋ ਅਪਰਾਧ ਦੇ ਪੀੜਿਤਾਂ ਵਜੋਂ ਪੀੜਿਤਾਂ ਦੇ ਅਧਿਕਾਰਾਂ ਬਾਰੇ ਸਵਾਲਾਂ ਦੇ ਜਵਾਬ ਦਿੰਦੇ ਹਨ, ਅਪਰਾਧਿਕ ਨਿਆਂ ਪ੍ਰਣਾਲੀ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ ਅਤੇ ਪੀੜਿਤਾਂ ਨੂੰ ਸੇਵਾਵਾਂ ਲਈ ਰੈਫਰਲ ਪ੍ਰਦਾਨ ਕਰਦੇ ਹਨ।

### CP ਵੀਡਿਓ

ਕਿਰਪਾ ਕਰਕੇ CP ਕੀ ਹੈ, ਕੌਣ ਇਸਦੇ ਯੋਗ ਹੈ, ਅਤੇ ਬੇਨਤੀ ਕਿਵੇਂ ਕਰਨੀ ਹੈ ਇਸ ਬਾਰੇ ਤਿੰਨ ਭਾਗਾਂ ਵਾਲਾ ਵੀਡੀਓ ਦੇਖੋ। ਵੀਡੀਓ ਨੂੰ ਸਿਖਲਾਈ ਦੇ ਉਦੇਸ਼ਾਂ ਅਤੇ ਟਾਸਕ ਫੋਰਸ ਮੀਟਿੰਗਾਂ ਲਈ ਵੀ ਵਰਤਿਆ ਜਾ ਸਕਦਾ ਹੈ। https://www.dhs.gov/blue-campaign/law-enforcement ਉੱਤੇ ਇਸ ਬਾਰੇ ਅਤੇ ਹੋਰ ਜਾਰੀ ਮੌਜੂਦਗੀ ਸੋਮਿਆਂ ਨੂੰ ਦੇਖੋ।

BLUE CAMPAIGN
One Voice. One Mission. End Human Trafficking.®

Center for Countering Human Trafficking

# ਮੌਜੂਦਗੀ ਜਾਰੀ ਹੈ

## ਮਨੁੱਖੀ ਤਸਕਰੀ ਦੇ ਪੀੜਿਤਾਂ ਲਈ ਜਾਰੀ ਅਸਥਾਈ ਇਮੀਗ੍ਰੇਸ਼ਨ ਅਹੁਦਾ



BC-CPPPUN 12/22





# ਪਿਛੋਕੜ

ਮਨੁੱਖੀ ਤਸਕਰੀ ਨੂੰ ਰੋਕਣ ਲਈ ਕੇਂਦਰ (CCHT) ਮਨੁੱਖੀ ਤਸਕਰੀ ਸੰਗਠਨਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਖ਼ਤਮ ਕਰਨ ਅਤੇ ਪੀੜਿਤਾਂ ਨੂੰ ਸਹਾਇਤਾ ਅਤੇ ਸੁਰੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਸ ਕੰਮ ਦਾ ਇੱਕ ਮੁੱਖ ਹਿੱਸਾ ਦੇਸ਼ ਭਰ ਵਿੱਚ ਕਾਨੂੰਨ ਲਾਗੂ ਸਾਰੀਆਂ ਜਾਰੀ ਮੌਜੂਦਗੀ ਬੇਨਤੀਆਂ 'ਤੇ ਕਾਰਵਾਈ ਕਰ ਰਿਹਾ ਹੈ।

# ਜਾਰੀ ਮੌਜੂਦਗੀ ਕੀ ਹੈ?

ਜਾਰੀ ਮੌਜੂਦਗੀ (CP) ਇੱਕ ਅਸਥਾਈ ਇਮੀਗ੍ਰੇਸ਼ਨ ਅਹੁਦਾ ਹੈ ਜੋ ਕਾਨੂੰਨ ਲਾਗੂ ਕਰਤਾ ਦੁਆਰਾ ਪਹਿਚਾਣੇ ਗਏ ਵਿਅਕਤੀਆਂ ਨੂੰ "ਵਿਅਕਤੀਆਂ ਵਿੱਚ ਤਸਕਰੀ ਦੇ ਗੰਭੀਰ ਰੂਪ" ਦੇ ਸ਼ਿਕਾਰ ਵਜੋਂ ਪ੍ਰਦਾਨ ਕੀਤਾ ਜਾਂਦਾ ਹੈ ਜੋ ਸੰਭਾਵੀ ਗਵਾਹ ਹੋ ਸਕਦੇ ਹਨ। CP ਤਸਕਰੀ ਪੀੜਿਤਾਂ ਨੂੰ ਕਾਨੂੰਨੀ ਰੂਪ ਵਿੱਚ ਅਸਥਾਈ ਤੌਰ 'ਤੇ ਅਮਰੀਕਾ ਵਿੱਚ ਰਹਿਣ ਅਤੇ ਉਹਨਾਂ ਦੇ ਵਿਰੁੱਧ ਕੀਤੇ ਗਏ ਮਨੁੱਖੀ ਤਸਕਰੀ-ਸਬੰਧਿਤ ਅਪਰਾਧਾਂ ਦੀ ਜਾਂਚ ਦੌਰਾਨ ਅਤੇ ਪੀੜਿਤਾਂ ਦੁਆਰਾ 18 U.S.C. § 1595 ਅਧੀਨ ਉਨ੍ਹਾਂ ਦੇ ਤਸਕਰਾਂ ਵਿਰੁੱਧ ਦਾਇਰ ਕੀਤੀ ਕਿਸੇ ਵੀ ਦਿਵਾਨੀ ਕਾਰਵਾਈ ਦੌਰਾਨ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। CP ਸ਼ੁਰੂ ਵਿੱਚ ਦੋ ਸਾਲਾਂ ਲਈ ਦਿੱਤੀ ਜਾਂਦੀ ਹੈ ਅਤੇ ਦੋ ਸਾਲ ਤੱਕ ਦੇ ਵਾਧੇ ਵਿੱਚ ਨਵਿਆਈ ਜਾ ਸਕਦੀ ਹੈ। CP ਪ੍ਰਾਪਤਕਰਤਾ ਫੈਡਰਲ ਲਾਭ ਅਤੇ ਸੇਵਾਵਾਂ ਵੀ ਪ੍ਰਾਪਤ ਕਰਦੇ ਹਨ।

# ਜਾਰੀ ਮੌਜੂਦਗੀ ਦੀ ਮਹੱਤਤਾ

CP ਪੀੜਿਤਾਂ ਨੂੰ ਅਮਰੀਕਾ ਵਿੱਚ ਅਸਥਾਈ ਤੌਰ 'ਤੇ ਰਹਿਣ ਅਤੇ ਕੰਮ ਕਰਨ ਲਈ ਇੱਕ ਕਾਨੂੰਨੀ ਰਾਹ ਪ੍ਰਦਾਨ ਕਰਦਾ ਹੈ, ਉਹਨਾਂ ਨੂੰ ਸਥਿਰਤਾ, ਸਹਾਇਤਾ ਦਾ ਸਾਧਨ, ਅਤੇ ਕੱਢੇ ਜਾਣ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਇਹ ਕੱਢੇ ਜਾਣ ਅਤੇ ਆਰਥਿਕ ਸਹਾਇਤਾ ਬਾਰੇ ਡਰ ਨੂੰ ਦੂਰ ਕਰਦਾ ਹੈ, ਜੋ ਨਾ ਸਿਰਫ਼ ਪੀੜਿਤਾਂ ਨੂੰ ਸਥਿਰ ਕਰਦਾ ਹੈ ਬਲਕਿ ਪੀੜਿਤਾਂ ਦੀ ਕਾਨੂੰਨ ਲਾਗੂ ਕਰਨ ਵਾਲੇ ਨਾਲ ਸਹਿਯੋਗ ਕਰਨ ਦੀ ਯੋਗਤਾ ਨੂੰ ਵੀ ਸੁਧਾਰਦਾ ਹੈ। ਇਸ ਲਈ CP ਫੈਡਰਲ, ਰਾਜ ਅਤੇ ਸਥਾਨਕ ਕਾਨੂੰਨ ਲਾਗੂ ਕਰਤਾ ਲਈ ਮਨੁੱਖੀ ਤਸਕਰੀ-ਸਬੰਧਿਤ ਅਪਰਾਧਾਂ ਦੀ ਜਾਂਚ ਵਿੱਚ ਇੱਕ ਮਹੱਤਵਪੂਰਨ ਸਾਧਨ ਹੈ, ਜਿਸ ਦਾ ਨਤੀਜਾ ਵਧੇਰੇ ਸਫਲ ਮੁਕੱਦਮੇ ਹੁੰਦੇ ਹਨ। ਪੀੜਿਤਾਂ ਲਈ CP ਦੀ ਨਿਯਮਿਤ ਵਰਤੋਂ ਸੇਵਾ ਪ੍ਰਦਾਤਾਵਾਂ ਅਤੇ ਸੰਸਥਾਵਾਂ ਨਾਲ ਭਰੋਸਾ ਵੀ ਪੈਦਾ ਕਰਦੀ ਹੈ ਜੋ ਕਾਨੂੰਨ ਲਾਗੂ ਕਰਨ ਲਈ ਰੈਫਰਲ ਦਾ ਇੱਕ ਸੋਮਾ ਹੋ ਸਕਦੇ ਹਨ ਕਿ ਪੀੜਿਤਾਂ ਦੀ ਸੁਰੱਖਿਆ ਕੀਤੀ ਜਾਵੇਗੀ ਜੇਕਰ ਉਹ ਅੱਗੇ ਆਉਂਦੇ ਹਨ। ਆਖਿਰਕਾਰ ਇਹ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਹੋਰ ਵੀ ਜ਼ਿਆਦਾ ਪੀੜਿਤਾਂ ਅਤੇ ਤਸਕਰਾਂ ਦੀ ਪਹਿਚਾਣ ਕਰਨ ਦੀ ਸਮਰੱਥਾ ਨੂੰ ਵਧਾਉਂਦਾ ਹੈ।

# ਜਾਰੀ ਮੌਜੂਦਗੀ ਦੀ ਬੇਨਤੀ ਕਿਵੇਂ ਕੀਤੀ ਜਾਂਦੀ ਹੈ?

ਤਸਕਰੀ ਦੇ ਸ਼ਿਕਾਰ ਵਿਅਕਤੀ ਦੀ ਪਹਿਚਾਣ ਹੋਣ 'ਤੇ CP ਦਰਖਾਸਤ ਤੁਰੰਤ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ ਜੋ ਇੱਕ ਸੰਭਾਵੀ ਗਵਾਹ ਹੋ ਸਕਦਾ ਹੈ।

ਮਨੁੱਖੀ ਤਸਕਰੀ ਦੀ ਜਾਂਚ ਕਰਨ ਜਾਂ ਮੁਕੱਦਮਾ ਚਲਾਉਣ ਲਈ ਕਿਸੇ ਵੀ ਫੈਡਰਲ, ਰਾਜ ਜਾਂ ਸਥਾਨਕ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੁਆਰਾ CP ਦੀ ਬੇਨਤੀ ਕੀਤੀ ਜਾ ਸਕਦੀ ਹੈ। ਰਾਜ ਅਤੇ ਸਥਾਨਕ ਬੇਨਤੀ ਕਰਨ ਵਾਲੀਆਂ ਏਜੰਸੀਆਂ ਦੁਆਰਾ ਬੇਨਤੀਆਂ ਨੂੰ ਇੱਕ ਫੈਡਰਲ ਏਜੰਸੀ ਦੁਆਰਾ ਸਪਾਂਸਰ ਕੀਤਾ ਜਾਣਾ ਚਾਹੀਦਾ ਹੈ ਅਤੇ ਫੈਡਰਲ ਸਪਾਂਸਰਿੰਗ ਏਜੰਸੀ ਦੇ ਮਨੋਨੀਤ POCs ਦੁਆਰਾ CCHT ਨੂੰ ਭੇਜਿਆ ਜਾਣਾ ਚਾਹੀਦਾ ਹੈ। ਇਹਨਾਂ ਫੈਡਰਲ ਏਜੰਸੀਆਂ ਵਿੱਚ ਸ਼ਾਮਿਲ ਹਨ, ਉਦਾਹਰਨ ਲਈ, HSI, FBI, DSS, DOL, EEOC ਅਤੇ ਕੋਈ ਵੀ USAOs। ਸੱਭ ਤੋਂ ਕਰੀਬੀ HSI ਖੇਤਰੀ ਦਫਤਰ ਨਾਲ ਸੰਪਰਕ ਕਰੋ ਅਤੇ ਢੁੱਕਵੇਂ ਫਾਰਮਾਂ ਅਤੇ ਜਮ੍ਹਾਂ ਕਰਨ ਦੇ ਨਿਰਦੇਸ਼ਾਂ ਲਈ ਪੈਰੋਲ ਸਹਾਇਕ ਲਈ ਬੇਨਤੀ ਕਰੋ।

ਜੇ ਬੇਨਤੀ ਦਿਵਾਨੀ ਕਾਰਵਾਈ ਉੱਤੇ ਅਧਾਰਿਤ ਹੈ, ਤਾਂ ਸੱਭ ਤੋਂ ਕਰੀਬੀ HSI ਖੇਤਰੀ ਦਫਤਰ ਨਾਲ ਸੰਪਰਕ ਕਰੋ, ਪੀੜਿਤ ਸਹਾਇਤਾ ਮਾਹਿਰ ਦੀ ਮੰਗ ਕਰੋ, ਅਤੇ ਦਾਇਰ ਕੀਤੀ ਸ਼ਿਕਾਇਤ ਦੀ ਕਾਪੀ ਮੁਹੱਈਆ ਕਰਾਓ।

ਜੇ ਲੋੜੀਂਦਾ ਹੋਵੇ, CP ਰਿਨਿਊਅਲ CP ਦੀ ਮਿਆਦ ਦੇ 60 ਦਿਨ ਪਹਿਲਾਂ ਜਮ੍ਹਾਂ ਕੀਤੀ ਜਾਣੀ ਚਾਹੀਦੀ ਹੈ।

# ਜਾਰੀ ਮੌਜੂਦਗੀ ਨੂੰ ਕੌਣ ਅਧਿਕਾਰਿਤ ਕਰਦਾ ਹੈ?

CCHT ਦੇਸ਼ ਭਰ ਵਿੱਚ ਕਾਨੂੰਨ ਲਾਗੂ ਕਰਤਾ ਦੀਆਂ ਸਾਰੀਆਂ CP ਬੇਨਤੀਆਂ ਉੱਤੇ ਕਾਰਵਾਈ ਕਰਦਾ ਹੈ। ਜੇ ਪ੍ਰਵਾਨਗੀ ਹੋਵੇ, CCHT ਸਿਹਤ ਅਤੇ ਮਨੁੱਖੀ ਸੇਵਾਵਾਂ (HHS) ਨੂੰ ਸੂਚਿਤ ਕਰਦਾ ਹੈ, ਜੋ ਫਿਰ ਸਰਟੀਫਿਕੇਸ਼ਨ ਪੱਤਰ ਜਾਰੀ ਕਰਦਾ ਹੈ ਜਿਸ ਵਿੱਚ ਫੈਡਰਲ ਲਾਭ ਅਤੇ ਸੇਵਾਵਾਂ ਲਈ ਪੀੜਿਤ ਦੀ ਯੋਗਤਾ ਦੀ ਪੁਸ਼ਟੀ ਹੁੰਦੀ ਹੈ।[1] CCHT USCIS ਨੂੰ ਵੀ ਸੂਚਿਤ ਕਰਦਾ ਹੈ, ਜੋ ਬਾਅਦ ਵਿੱਚ ਫਾਰਮ I-94 (ਆਗਮਨ-ਰਵਾਨਗੀ ਰਿਕਾਰਡ) ਪੇਸ਼ ਕਰਦਾ ਹੈ ਜੋ ਪੀੜਿਤ ਦਾ ਇਮੀਗ੍ਰੇਸ਼ਨ ਅਹੁਦਾ ਅਤੇ ਰੋਜ਼ਗਾਰ ਅਧਿਕਾਰਿਤ ਦਸਤਾਵੇਜ਼ (EAD) ਦਰਸਾਉਂਦਾ ਹੈ ਜੋ ਕਿ ਪੀੜਿਤ ਨੂੰ ਕਾਨੂੰਨੀ ਰੂਪ ਵਿੱਚ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਕਾਨੂੰਨ ਲਾਗੂ ਕਰਤਾ ਅਧਿਕਾਰੀ ਜਿਸ ਨੇ CP ਦੀ ਬੇਨਤੀ ਕੀਤੀ ਸੀ ਇਹ ਦਸਤਾਵੇਜ਼ ਪੀੜਿਤ ਨੂੰ ਪ੍ਰਦਾਨ ਕਰਦਾ ਹੈ।

ਪੀੜਿਤਾਂ ਦੁਆਰਾ ਹਮੇਸ਼ਾ ਆਪਣੇ ਨਾਲ, I-94 ਅਤੇ EAD ਤੋਂ ਇਲਾਵਾ, ਜੋ ਸਾਬਿਤ ਕਰਦੇ ਹਨ ਕਿ ਉਹਨਾਂ ਕੋਲ CP ਹੈ, ਆਪਣੇ ਕੇਸ ਏਜੰਟ ਅਤੇ ਪੀੜਿਤ ਸਹਾਇਤ ਮਾਹਰ ਦੇ ਨਾਮ ਅਤੇ ਫੋਨ ਨੰਬਰ ਕਾਇਮ ਰੱਖਣੇ ਚਾਹੀਦੇ ਹਨ। ਇਹ ਜਾਣਕਾਰੀ ਇਮੀਗ੍ਰੇਸ਼ਨ ਅਤੇ ਹੋਰ ਕਾਨੂੰਨ ਲਾਗੂ ਅਫਸਰਾਂ ਨੂੰ ਬੇਨਤੀ ਕੀਤੇ ਜਾਣ ਉੱਤੇ ਪ੍ਰਦਾਨ ਕਰਨੀ ਲਾਜ਼ਮੀ ਹੈ।

1 ਬਾਲਗ ਪੀੜਿਤਾਂ ਦੇ ਉਲਟ, ਨਾਬਾਲਗ ਪੀੜਿਤਾਂ ਨੂੰ ਇਹ ਲਾਭ ਹਾਸਿਲ ਕਰਨ ਲਈ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਸਹਿਯੋਗ ਕਰਨ ਦੀ ਲੋੜ ਨਹੀਂ ਹੈ।

# "ਮਨੁੱਖਾਂ ਵਿੱਚ ਤਸਕਰੀ ਦੀ ਬਦਤਰ ਕਿਸਮ" ਦਾ ਪੀੜਿਤ ਕੌਣ ਹੈ?

ਫੈਡਰਲ ਪਰਿਭਾਸ਼ਾ ਅਜਿਹੇ ਵਿਅਕਤੀ ਨੂੰ ਸ਼ਾਮਿਲ ਕਰਦੀ ਹੈ ਜਿਸ ਨਾਲ ਇਹ ਵਾਪਰਿਆ ਹੋਵੇ:

- ਲਿੰਗੀ ਤਸਕਰੀ — ਧੱਕੇ, ਧੋਖਾਧੜੀ ਜਾਂ ਜ਼ਬਰਦਸਤੀ ਨਾਲ ਪ੍ਰੇਰਿਤ ਵਪਾਰਕ ਸੈਕਸ ਕੰਮ ਦੇ ਉਦੇਸ਼ ਲਈ ਕਿਸੇ ਵਿਅਕਤੀ ਦੀ ਭਰਤੀ ਕਰਨੀ, ਪਨਾਹ ਦੇਣੀ, ਪਹੁੰਚ ਕਰਾਉਣੀ, ਪ੍ਰਬੰਧ ਕਰਨਾ, ਪ੍ਰਾਪਤ ਕਰਨਾ, ਸਰਪ੍ਰਸਤੀ ਦੇਣਾ, ਜਾਂ ਬੇਨਤੀ ਕਰਨਾ, ਜਾਂ ਜਿਸ ਵਿੱਚ ਅਜਿਹਾ ਕੰਮ ਕਰਨ ਲਈ ਪ੍ਰੇਰਿਤ ਵਿਅਕਤੀ ਦੀ ਉਮਰ 18 ਸਾਲ ਤੋਂ ਘੱਟ ਹੈ ਸਾਲ; ਜਾਂ
- ਮਜ਼ਦੂਰੀ ਤਸਕਰੀ — ਧੱਕੇ, ਧੋਖਾਧੜੀ ਜਾਂ ਜ਼ਬਰਦਸਤੀ ਨਾਲ ਗੈਰ-ਇੱਛਿਤ ਸੇਵਾ, ਪਿਓਨੇਜ, ਕਰਜ਼ੇ ਦੀ ਗੁਲਾਮੀ ਜਾਂ ਕੈਦ ਲਈ ਕਿਸੇ ਵਿਅਕਤੀ ਦੀ ਭਰਤੀ ਕਰਨੀ, ਪਨਾਹ ਦੇਣੀ, ਪਹੁੰਚ ਕਰਾਉਣੀ, ਪ੍ਰਬੰਧ ਕਰਨਾ ਜਾਂ ਪ੍ਰਾਪਤ ਕਰਨਾ।

